

BROADWAY SUBWAY PROJECT

# ਬਰੋਡਵੇਅ ਸਬਵੇਅ ਪ੍ਰਾਜੈਕਟ

## ਮਿਲੇਨੀਅਮ ਲਾਈਨ ਦਾ ਵਿਸਥਾਰ

ਬਰੋਡਵੇਅ ਸਬਵੇਅ ਪ੍ਰਾਜੈਕਟ ਮਿਲੇਨੀਅਮ ਲਾਈਨ ਦਾ ਵੀ ਸੀ ਸੀ-ਕਲਾਰਕ ਸਟੇਸ਼ਨ ਤੋਂ ਬਰੋਡਵੇਅ ਅਤੇ ਆਰਬਿਊਟਸ ਤੱਕ ੫.੭ ਕਿਲੋਮੀਟਰ ਦਾ ਵਿਸਥਾਰ ਹੈ। ਇਹ ਬੀ.ਸੀ. ਦੇ ਦੂਜੇ ਸਭ ਤੋਂ ਵੱਡੇ ਨੌਕਰੀ ਕੇਂਦਰ, ਸੰਸਾਰ ਪੱਧਰ ਦੀਆਂ ਸਿਹਤ ਸੇਵਾਵਾਂ, ਉਭਰਦੀ ਨਵੀਨਤਾ ਅਤੇ ਖੋਜ ਕੇਂਦਰਾਂ ਅਤੇ ਤੇਜ਼ੀ ਨਾਲ ਵੱਧ ਰਹੇ ਰਿਹਾਇਸ਼ੀ ਭਾਈਚਾਰਿਆਂ ਲਈ ਤੇਜ਼, ਲਗਾਤਾਰ ਅਤੇ ਸੁਵਿਧਾਜਨਕ ਸਕਾਈਟਰੇਨ ਸੇਵਾ ਪ੍ਰਦਾਨ ਕਰੇਗੀ।

Canada | British Columbia | City of Vancouver | TransLink

## ਸੰਪਰਕ ਕਰਨ ਦੇ ਤਰੀਕੇ

ਜੇ ਤੁਸੀਂ ਪ੍ਰਾਜੈਕਟ ਬਾਰੇ ਅਪਡੇਟ ਲੈਣਾ ਚਾਹੁੰਦੇ ਹੋ ਤਾਂ ਸਾਨੂੰ ਈਮੇਲ ਰਾਂਹੀ ਸੰਪਰਕ ਕਰੋ:

› **broadwaysubway@gov.bc.ca**


ਵਧੇਰੇ ਜਾਣਕਾਰੀ ਲਈ ਪ੍ਰਾਜੈਕਟ ਦੀ ਵੈਬਸਾਈਟ ’ਤੇ ਜਾਓ:

› **engage.gov.bc.ca/broadwaysubway**

ਤੁਸੀਂ ਸਾਡੇ ਕਮਿਊਨਟੀ ਦਫਤਰ ਵਿੱਚ ਵੀ ਆ ਸਕਦੇ ਹੋ, ਜੋ ਸੋਮਵਾਰ, ਬੁੱਧਵਾਰ ਅਤੇ ਵੀਰਵਾਰ ਸਵੇਰ ੯ ਤੋਂ ਸ਼ਾਮ ੫ ਵਜੇ ਤੱਕ ਖੁੱਲਦਾ ਹੈ।

› ੧੨੧੨ ਵੈਸਟ ਬਰੋਡਵੇਅ
  ਵੈਨਕੂਵਰ, ਬੀ.ਸੀ.






ਪ੍ਰਾਜੈਕਟ ਰੂਟ ਅਤੇ ਸਟੇਸ਼ਨ। ਅੰਤਰਿਮ ਸਟੇਸ਼ਨਾਂ ਦੇ ਨਾਮ ਰਸਤਾ ਲੱਭਣ ਦੇ ਉਦੇਸ਼ਾਂ ਨਾਲ ਚੁਣੇ ਗਏ ਸਨ ਅਤੇ ਇਸ ਸਮੇਂ ਫਾਈਨਲ ਨਹੀਂ ਮੰਨੇ ਜਾਂਦੇ।

# ਪ੍ਰਾਜੈਕਟ ਬਾਰੇ

ਛੇ ਨਵੇਂ ਅੰਡਰਗਰਾਉਂਡ ਸਟੇਸ਼ਨ ਬਰੋਡਵੇਅ ਕੋਰੀਡੋਰ ਦੇ ਨਾਲ ਭਾਈਚਾਰਿਆਂ ਅਤੇ ਆਂਢ-ਗੁਆਂਢ ਨੂੰ ਜੋੜਨਗੇ ਤਾਂ ਕਿ ਰਹਿਣ, ਕੰਮ ਕਰਨ, ਖਰੀਦਦਾਰੀ ਅਤੇ ਸੇਵਾਵਾਂ ਤੱਕ ਪਹੁੰਚ ਆਸਾਨ ਅਤੇ ਵਧੇਰੇ ਕਿਫਾਇਤੀ ਬਣ ਸਕੇ। ਇਹ ਸਟੇਸ਼ਨ ਪੂਰੀ ਤਰ੍ਹਾਂ ਮਲਟੀ-ਮਾਡਲ ਅਨੁਭਵ ਲਈ ਬਸ, ਹੈਂਡੀਡਾਰਟ, ਪੈਦਲ ਚੱਲਣ ਅਤੇ ਸਾਈਕਲ ਚਲਾਉਣ ਨਾਲ ਏਕੀਕ੍ਰਿਤ ਹੋਣਗੇ।

ਇਹ ਪ੍ਰਾਜੈਕਟ ਮੌਜੂਦਾ ਸਕਾਈਟਰੇਨ ਨੈੱਟਵਰਕ ਨਾਲ ਜੁੜੇਗਾ, ਜਿਸ ਵਿੱਚ ਐਕਸਪੋ, ਮਿਲੇਨੀਅਮ ਅਤੇ ਕੈਨੇਡਾ ਲਾਈਨ ਸ਼ਾਮਲ ਹਨ ਅਤੇ ਖੇਤਰੀ ਬਸ ਸੇਵਾ ਨਾਲ ਵੀ ਸੰਮਿਲਤ ਹੋਵੇਗਾ।

ਬਰੋਡਵੇਅ ਸਬਵੇਅ ਪ੍ਰਾਜੈਕਟ ਦਾ ਬਜਟ $2.੮੩ ਬਿਲੀਅਨ ਹੈ, ਜਿਸਨੂੰ ਬੀ.ਸੀ. ਸਰਕਾਰ ਵੱਲੋਂ ਕੈਨੇਡਾ ਸਰਕਾਰ ਅਤੇ ਸਿਟੀ ਆਫ ਵੈਨਕੂਵਰ ਦੇ ਸਹਿਯੋਗ ਨਾਲ ਫੰਡ ਕੀਤਾ ਅਤੇ ਪ੍ਰਦਾਨ ਕੀਤਾ ਜਾਂਦਾ ਹੈ।

ਉਸਾਰੀ ਪਤਝੜ ੨੦੨੦ ਵਿੱਚ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਸਰਵਿਸ ਲਾਈਨ ੨੦੨੫ ਵਿੱਚ ਸ਼ੁਰੂ ਹੋਵੇਗੀ।

ਇੱਕ ਵਾਰ ਸਰਵਿਸ ਸ਼ੁਰੂ ਹੋਣ ਤੋਂ ਬਾਦ ਵੀ ਸੀ ਸੀ -ਕਲਾਰਕ ਸਟੇਸ਼ਨ ਤੋਂ ਆਰਬਿਊਟਸ ਸਟੇਸ਼ਨ ਤੱਕ ੧੧ ਮਿੰਟ ਲੱਗਣਗੇ, ਜਿਸ ਨਾਲ ਯਾਤਰੀਆਂ ਨੂੰ ਆਵਾਜਾਈ ਲਈ ਔਸਤਨ ਲਗਭਗ ੩੦ ਮਿੰਟ ਪ੍ਰਤੀ ਦਿਨ ਦੀ ਬੱਚਤ ਹੋਵੇਗੀ ਅਤੇ ਬਰੋਡਵੇਅ 'ਤੇ ਭੀੜ ਭੜੱਕੇ ਤੋਂ ਰਾਹਤ ਮਿਲੇਗੀ।